//ਫੈਕਸ ਸੰਦੇਸ਼//

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

(ਰਜਿਸਟਰਡ ਦਫ: ਪੀ.ਐਸ.ਈ.ਬੀ. ਹੈਡ ਆਫਿਸ, CIN-U40109PB2010SGC033813 ਦੀ ਮਾਲ ਪਟਿਆਲਾ-147001)

ਉਪ ਸਕੱਤਰ/ਉਦਯੋਗਿਕ ਸੰਪਰਕ ਵਿਭਾਗ, ਪਟਿਆਲਾ

(ਭਲਾਈ ਭਾਗ)

**Mobile No. 096461-05111 Fax No. 0175-2215897 Email:cwo-ir@pspcl.in**

ਵੱਲ

ਸਾਰੇ ਇੰਜੀ: ਇੰਨ ਚੀਫ/ਮੁੱਖ ਇੰਜੀਨੀਅਰ,
ਜਨਰਲ ਮੈਨੇਜਰ/ਵਿਭਾਗਾਂ ਦੇ ਮੁੱਖੀ
ਪੀਐਸਪੀਸੀਐਲ ਅਤੇ ਪੀਐਸਟੀਸੀਐਲ।

ਮੀਮੋ ਨੰ : 4108/51 / ਭਭ-1-450 ਮਿਤੀ : 3-4-18

ਵਿਸ਼ਾ: ਪੀਐਸਈਬੀ ਇੰਪਲਾਈਜ਼ ਜੁਆਇੰਟ ਫੋਰਮ ਵੱਲੋਂ ਮਿਤੀ 11-04-18 ਨੂੰ ਇੱਕ ਰੋਜ਼ਾ ਮੁਕੰਮਲ ਹੜਤਾਲ ਦੇ ਨੋਟਿਸ ਸਬੰਧੀ।

ਪੀਐਸਈਬੀ ਇੰਪਲਾਈਜ਼ ਜੁਆਇੰਟ ਫੋਰਮ ਦੇ ਸੱਦੇ ਤੇ ਮੁਲਾਜਮਾਂ ਦੀਆਂ ਮੰਗਾਂ ਦੇ ਸਬੰਧ ਵਿੱਚ ਪੀਐਸਈਬੀ ਇੰਪਲਾਈਜ਼ ਜੁਆਇੰਟ ਫੋਰਮ ਵਿੱਚ ਸ਼ਾਮਲ ਜਥੇਬੰਦੀਆਂ ਇੰਪਲਾਈਜ਼ ਫੈਡਰੇਸ਼ਨ ਫਲਜੀਤ ਸਿੰਘ ਬਿਜਲੀ ਮੁਲਾਜਮ ਫਰੰਟ, ਇੰਪਲਾਈਜ਼ ਫੈਡਰੇਸ਼ਨ ਕੌਰ ਸਿੰਘ, ਪੀਐਸਈਬੀ ਕਰਮਲ ਇੰਪਲਾਈਜ਼ ਕੋਆਰਡੀਨੇਸ਼ਨ ਕਮੇਟੀ, ਪੰਜਾਬ ਰਾਜ ਬਿਜਲੀ ਬੋਰਡ ਇੰਪਲਾਈਜ਼ ਫੈਡਰੇਸ਼ਨ ਭਾਰਦਵਾਜ ਗਰੁੱਪ, ਇੰਪਲਾਈਜ਼ ਫੈਡਰੇਸ਼ਨ ਪੰ.ਰਾ.ਬਿ.ਬੋ. (ਸੁਰਿੰਦਰ ਸਿੰਘ), ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ (ਰਜਿ), ਵਰਕਰਜ਼ ਫੈਡਰੇਸ਼ਨ ਪੀਐਸਪੀਸੀਐਲ ਅਤੇ ਪੀਐਸਟੀਸੀਐਲ (ਇੰਟਕ), ਹੈਡ ਆਫਿਸ ਜੁਆਇੰਟ ਐਕਸ਼ਨ ਕਮੇਟੀ,ਪੰਜਾਬ ਰਾਜ ਬਿਜਲੀ ਮਜ਼ਦੂਰ ਸੰਘ ਅਤੇ ਟੈਕਨੀਕਲ ਸਰਵਸ਼ ਯੂਨੀਅਨ (ਰਜਿ) ਵੱਲੋਂ ਇੰਡਸੀਟ੍ਰੀਅਲ ਡਿਸਪਿਊਟ ਐਕਟ 1947 ਦੇ ਸੈਕਸ਼ਨ-22 ਦੀ ਸਬ ਧਾਰਾ-1 ਦੇ ਤਹਿਤ ਹੇਠ ਲਿਖੇ ਅਨੁਸਾਰ ਸੰਘਰਸ਼ ਦਾ ਪ੍ਰੋਗਰਾਮ ਉਲਕਿਆ ਹੈ:-

| ਲੜੀ ਨੰ: | ਮਿਤੀ | ਪ੍ਰੋਗਰਾਮ |
|---|---|---|
| 1. | 11-04-18 | ਸੂਬਾ ਪੱਧਰ ਤੇ ਇੱਕ ਰੋਜ਼ਾ ਮੁਕੰਮਲ ਹੜਤਾਲ ਕੀਤੀ ਜਾਵੇਗੀ। |

ਉਪਰੋਕਤ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਇਹ ਜਰੂਰੀ ਹੈ ਕਿ ਮਿਤੀ 11-04-18 ਦੀ ਹੜਤਾਲ ਦੌਰਾਨ ਬਿਜਲੀ ਦੀ ਸਪਲਾਈ ਅਤੇ ਹੋਰ ਦੂਸਰੇ ਕਾਰਜਾਂ ਦੇ ਪ੍ਰਬੰਧ ਨੂੰ ਯਕੀਨੀ ਬਨਾਉਣ ਲਈ ਹੇਠ ਅਨੁਸਾਰ ਲੋੜੀਂਦੀ ਕਾਰਵਾਈ ਕੀਤੀ ਜਾਵੇ:-

1. ਮੁੱਖ ਇੰਜੀਨੀਅਰ ਪੱਧਰ,ਸਰਕਲ ਪੱਧਰ ਅਤੇ ਮੰਡਲ ਪੱਧਰ ਤੇ ਕੰਟਰੋਲ ਰੂਮ ਸਥਾਪਤ ਕੀਤੇ ਜਾਣ ਜਿਹੜੇ ਕਿ ਮਿਤੀ 10-04-18ਦੁਪਹਿਰ 1:00 ਵਜੇ ਤੋਂ 12-04-18 ਦੁਪਹਿਰ 1:00 ਵਜੇ ਤੱਕ ਦਿਨ ਰਾਤ ਕੰਮ ਕਰਨਗੇ।
2. ਸਾਰੇ ਮੁਲਾਜ਼ਮਾਂ ਨੂੰ ਸਦਰ ਮੁਕਾਮ ਤੇ ਰਹਿਣਾ ਚਾਹੀਦਾ ਹੈ ਅਤੇ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਤੋਂ ਬਿਨਾਂ ਹੈਡ ਕੁਆਟਰ ਨਾ ਛੱਡਿਆ ਜਾਵੇ ਜੇਕਰ ਕੋਈ ਕਰਮਚਾਰੀ ਮੁੱਖ ਦਫਤਰ ਜਾਂ ਆਪਣੇ ਉੱਚ ਦਫਤਰ ਜਾਣਾ ਚਾਹੁੰਦਾ ਹੈ ਤਾਂ ਆਪਣੇ ਕੰਟਰੋਲਿੰਗ ਅਧਿਕਾਰੀ ਦੀ ਪ੍ਰਵਾਨਗੀ ਲੈਕੇ ਜਾਵੇ ਅਤੇ ਹੈਡ ਆਫਿਸ ਆਪਣਾ ਸ਼ਨਾਖਤੀ ਕਾਰਡ ਲੈਕੇ ਆਵੇ।
3. ਕੋਈ ਵੀ ਦਫਤਰ ਬੰਦ ਨਾਂ ਰੱਖਿਆ ਜਾਵੇ ਅਤੇ ਕੈਸ਼ ਕਾਊਂਟਰ ਖੋਲੇ ਜਾਣ।
4. ਵਫ਼ਾਦਾਰ ਅਧਿਕਾਰੀਆਂ / ਕਰਮਚਾਰੀਆਂ ਵਲੋਂ ਨਿਰਵਿਘਨ ਡਿਊਟੀ ਨਿਭਾਉਣ ਵਿਚ ਜੇਕਰ ਹੜਤਾਲਕਾਰ ਕੋਈ ਧੱਕੇਸ਼ਾਹੀ ਕਰਦੇ ਹਨ ਤਾਂ ਤੁਰੰਤ ਲੋਕਲ ਪੁਲਿਸ ਦੀ ਮਦਦ ਲਈ ਜਾਵੇ।
5. ਹੜਤਾਲ/ਧਰਨੇ ਵਾਲੇ ਦਿਨ ਜਿਨਾਂ ਕਰਮਚਾਰੀਆਂ/ਅਧਿਕਾਰੀਆਂ ਦੀ ਡਿਊਟੀ ਹੈ ਨੂੰ ਸਿਵਾਏ ਮੈਡੀਕਲ ਅਧਾਰ ਤੇ ਕੋਈ ਛੁੱਟੀ ਨਾਂ ਦਿੱਤੀ ਜਾਵੇ।
6. ਜਿਹੜਾ ਕਰਮਚਾਰੀ ਹੜਤਾਲ/ਧਰਨੇ/ਰੈਲੀਆਂ/ਘਿਰਾਓ ਵਿਚ ਭਾਗ ਲੈਂਦਾ ਹੈ ਜਾਂ ਉਸ ਸਮੇਂ ਦੌਰਾਨ ਡਿਊਟੀ ਤੇ ਹਾਜਰ ਨਹੀਂ ਰਹਿੰਦਾ ਉਸਦੀ ਗੈਰ ਹਾਜ਼ਰੀ ਲਗਾਈ ਜਾਵੇ ਅਤੇ "ਕੰਮ ਨਹੀਂ ਤਨਖਾਹ ਨਹੀਂ"ਦੇ ਸਿਧਾਂਤ ਤਹਿਤ ਉਸ ਸਮੇਂ ਦੀ ਤਨਖਾਹ ਦੀ ਅਦਾਇਗੀ ਨਾਂ ਕੀਤੀ ਜਾਵੇ ਅਤੇ ਬਰੇਕ ਇਨ ਸਰਵਿਸ ਪਾਕੇ ਉਸਦਾ ਇੰਦਰਾਜ਼ ਹੜਤਾਲੀ ਕਰਮਚਾਰੀ ਦੀ ਸਰਵਿਸ ਬੁੱਕ ਵਿਚ ਵੀ ਕੀਤਾ ਜਾਵੇ। ਜਿਹੜਾ ਕਰਮਚਾਰੀ ਹੜਤਾਲ ਵਾਲੇ ਦਿਨ 2 ਘੰਟੇ ਵੀ ਗੈਰ ਹਾਜ਼ਰ ਰਹਿੰਦਾਂ ਹੈ ਤਾਂ ਉਹ ਉਸ ਦਿਨ ਤਨਖਾਹ ਦੀ ਅਦਾਇਗੀ ਦਾ ਹੱਕਦਾਰ ਨਹੀਂ ਹੋਵੇਗਾ।
7. ਹੜਤਾਲੀ ਕਰਮਚਾਰੀ ਆਪਣੀ ਪਿਛਲੀ ਸੇਵਾ ਤੋਂ ਵਾਂਝਾ ਹੋ ਜਾਵੇਗਾ ਅਤੇ ਉਸਦੀ ਤਰੱਕੀ ਉਪਰ ਰੋਕ ਲੱਗ ਜਾਵੇਗੀ।
8. ਪਾਵਰਕਾਮ ਆਪਣੇ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਲਈ ਵਚਨਬੱਧ ਹੈ ਅਤੇ ਹੜਤਾਲਾਂ ਧਰਨੇ/ਘਿਰਾਉ ਆਦਿ ਕਰਨਾ ਇੱਕ ਅਨਫੇਅਰ ਲੇਬਰ ਪ੍ਰੈਕਟਿਸ ਹੈ ਇਸ ਲਈ Industrial Dispute Act. 1947 ਦੀ ਧਾਰਾ 25 ਯੂ ਤਹਿਤ ਘੇਰਾਉ ਆਦਿ ਕਰਨ ਵਾਲੇ ਕਾਮੇ ਨੂੰ 6 ਮਹੀਨੇ ਤੱਕ ਦੀ ਕੈਦ ਜਾਂ 1000 ਰੁਪਏ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਹੋ ਸਕਦੀਆ ਹਨ। ਮਾਨਯੋਗ

ਸਰਬਉੱਚ ਅਦਾਲਤ ਦੇ ਹੁਕਮਾਂ ਅਨੁਸਾਰ ਅਜਿਹੇ ਕੰਮ ਵਿਚ ਵਿਘਨ ਪਾਉਣ ਵਾਲੇ ਕਾਮਿਆਂ ਨੂੰ ਨੌਕਰੀ ਤੋਂ ਬਰਖਾਸਤ ਵੀ ਕੀਤਾ ਜਾ ਸਕਦਾ ਹੈ।

9. ਕਾਰਪੋਰੇਸ਼ਨ ਅੰਦਰ ਕੰਮ ਕਰਦੇ ਸਾਰੇ ਮੁਲਾਜ਼ਮਾਂ ਤੇ ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਮਿਤੀ 26-6-2002 ਅਨੁਸਾਰ ਐਸਮਾ-1947 ਲਾਗੂ ਹੈ ਜਿਸਦੇ ਤਹਿਤ 3 ਸਾਲ ਤੱਕ ਦੀ ਸਜ਼ਾ ਅਤੇ ਜੁਰਮਾਨਾ ਹੋ ਸਕਦਾ ਹੈ।

10. ਜਿਹੜੇ ਕਰਮਚਾਰੀ ਸਾਲ 2018-19 ਦੌਰਾਨ ਰਿਟਾਇਰ ਹੋ ਰਹੇ ਹਨ ਜੇਕਰ ਉਹ ਹੜਤਾਲ ਵਿਚ ਹਿੱਸਾ ਲੈਂਦੇ ਹਨ ਉਹਨਾਂ ਦੇ ਸਾਰੇ ਪੈਨਸ਼ਨਰੀ ਲਾਭ ਰੁੱਕ ਜਾਣਗੇ।

11. ਕਾਰਪੋਰੇਸ਼ਨ ਵਲੋਂ ਠੇਕੇ ਤੇ ਭਰਤੀ ਕੀਤੇ,ਵਰਕਚਾਰਜ,ਡੇਲੀਵੇਜ਼ ਅਤੇ ਕੰਟੀਜੈਂਟ ਕਾਮੇ ਜੇਕਰ ਹੜਤਾਲ ਵਿਚ ਹਿੱਸਾ ਲੈਂਦੇ ਹਨ ਉਨ੍ਹਾਂ ਦੀਆਂ ਸੇਵਾਵਾਂ ਬਰਖਾਸਤ ਕੀਤੀਆਂ ਜਾ ਸਕਦੀਆਂ ਹਨ ਅਤੇ ਪਦਉਨਤ ਹੋਏ ਜਿਹੜੇ ਅਧਿਕਾਰੀ/ਕਰਮਚਾਰੀ ਅਜੇ ਪ੍ਰੋਬੇਸ਼ਨ ਅਧੀਨ ਹਨ ਉਹਨਾਂ ਦੀਆਂ ਤਰੱਕੀਆਂ ਰੱਦ ਕੀਤੀਆਂ ਜਾ ਸਕਦੀਆਂ ਹਨ।

12. ਹੜਤਾਲ ਦੇ ਦਿਨ ਦੌਰਾਨ ਬਿਜਲੀ ਦੀ ਸਪਲਾਈ ਅਤੇ ਹੋਰ ਜ਼ਰੂਰੀ ਕਾਰਜਾਂ ਦੀਆਂ ਸੂਚਨਾਵਾਂ ਦੇ ਅਦਾਨ ਪ੍ਰਦਾਨ ਲਈ ਉਪ ਸਕੱਤਰ/ਜਨਰਲ ਦੀ ਦੇਖ-ਰੇਖ ਹੇਠ ਹੈਡ ਆਫਿਸ ਪਟਿਆਲਾ ਵਿਖੇ ਪਹਿਲਾਂ ਦੀ ਤਰਾਂ ਇੱਕ ਕੇਂਦਰੀ ਕੰਟਰੋਲ ਰੂਮ ਵੀ ਸਥਾਪਤ ਕੀਤਾ ਜਾਵੇਗਾ ਜਿਹੜਾ ਰਾਊਂਡ ਦਾ ਕਲਾਕ ਕੰਮ ਕਰੇਗਾ। ਇਸ ਕੰਟਰੋਲ ਰੂਮ ਦੇ ਟੈਲੀਫੂਨ ਨੰ: 0175-2220853 ਜਾਂ 854 ਅਤੇ 0175-2216424 ਹੋਣਗੇ।

ਉਪਰੋਕਤ ਹਦਾਇਤਾਂ ਨੂੰ ਆਪਜੀ ਦੀ ਸੰਸਥਾ ਅਧੀਨ ਦਫਤਰਾਂ ਦੇ ਸਾਰੇ ਮੁਲਾਜ਼ਮਾਂ ਦੇ ਧਿਆਨ ਵਿਚ ਲਿਆ ਦਿੱਤਾ ਜਾਵੇ ਅਤੇ ਸਖਤੀ ਨਾਲ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ਜੀ।

3/4/18

ਉਪ ਸਕੱਤਰ/ਆਈ.ਆਰ.,
ਪੀਐਸ਼ਪੀਸੀਐਲ,ਪਟਿਆਲਾ।

ਪਿੱਠ ਅੰਕਣ ਨੰ: 5152/5209 /ਭਭ-1- 450 ਮਿਤੀ : 3-4-18

ਉਪਰੋਕਤ ਦਾ ਉਤਾਰਾ ਨਿਮਨ ਦਰਸਾਏ ਅਧਿਕਾਰੀਆਂ ਨੂੰ ਸੂਚਨਾਂ ਅਤੇ ਅਗਲੇਰੀ ਜਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਏ.ਡੀ.ਜੀ.ਪੀ./ਵੀ. ਤੇ ਐਸ., ਪੀਐਸਪੀਸੀਐਲ,ਪਟਿਆਲਾ।
2. ਓਐਸਡੀ ਟੂ ਸੀਐਮਡੀ, ਪੀਐਸਪੀਸੀਐਲ,ਪਟਿਆਲਾ।
3. ਉਪ ਮੁੱਖ ਇੰਜ:/ਪ੍ਰਸੋਨਲ, ਪੀਐਸਪੀਸੀਐਲ,ਪਟਿਆਲਾ।
4. ਮੁੱਖ ਵਿੱਤੀ ਅਫਸਰ, ਪੀਐਸਪੀਸੀਐਲ,ਪਟਿਆਲਾ।
5. ਮੁੱਖ ਪੜਤਾਲਕਾਰ, ਪੀਐਸਪੀਸੀਐਲ,ਪਟਿਆਲਾ।
6. ਮੁੱਖ ਲੇਖਾ ਅਫਸਰ/ਹੈਡ ਕੁਆਟਰਜ਼, ਪੀਐਸਪੀਸੀਐਲ,ਪਟਿਆਲਾ।
7. ਵਿੱਤ ਸਲਾਹਕਾਰ, ਪੀਐਸਪੀਸੀਐਲ,ਪਟਿਆਲਾ।
8. ਕਾਨੂੰਨੀ ਸਲਾਹਕਾਰ, ਪੀਐਸਪੀਸੀਐਲ,ਪਟਿਆਲਾ।
9. ਏ.ਐਮ./ਆਈ.ਆਰ /ਹੈਡਕੁਆਟਰਜ਼, ਪੀਐਸਪੀਸੀਐਲ,ਪਟਿਆਲਾ।
10. ਸਾਰੇ ਸੰਯੁਕਤ ਸਕੱਤਰ/ਉਪ ਸਕੱਤਰ/ਅਧੀਨ ਸਕਤੱਰ, ਸਾਰੇ ਸ਼ਾਖਾ ਅਫਸਰ, ਭਾਗਾਂ ਦੇ ਮੁੱਖੀ (ਕਾਰਪੋਰੇਸ਼ਨ ਵਿੱਚ ਸਦਰ ਮੁਕਾਮ ਦਫਤਰਾਂ ਵਿੱਚ)
11. ਜੇਨੀ.ਪੀ.ਐਸ. ਟੂ ਡਾਇਰੈਕਟਰਜ਼, ਪੀਐਸਪੀਸੀਐਲ/ਪੀਐਸਟੀਸੀਐਲ।

3/4/18

ਉਪ ਸਕੱਤਰ/ਆਈ.ਆਰ.,
ਪੀਐਸ਼ਪੀਸੀਐਲ,ਪਟਿਆਲਾ।

ਨੋਟ - ਹੜਤਾਲ ਵਿਚ ਹਿੱਸਾ ਲੈਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਦੀ ਸੂਚਨਾ ਹੇਠਾਂ ਦਿੱਤੇ ਨਿਰਧਾਰਤ ਪ੍ਰੋਫਾਰਮੇ ਤੇ ਮੁੱਖ ਦਫਤਰ ਨਾਲ ਸਬੰਧਤ ਉਪ ਸਕੱਤਰ/ਆਈ.ਆਰ.ਤੇ ਭਲਾਈ (ਭਲਾਈ ਭਾਗ),ਪਟਿਆਲਾ ਨੂੰ ਭੇਜੀ ਜਾਵੇ ਅਤੇ ਖੇਤਰੀ ਦਫਤਰਾਂ ਨਾਲ ਸਬੰਧਿਤ ਸੂਚਨਾ ਕੇਂਦਰੀ ਕੰਟਰੋਲ ਰੂਮ ਪਟਿਆਲਾ ਨੂੰ ਭੇਜੀ ਜਾਵੇ ਜੀ।

| Sr.No | Name of the Organization | Posted Strength | Present | On Casual Leave | On Earned Leave/Medical Leave | On Strike | %age of Strike |
|---|---|---|---|---|---|---|---|
| | | | | | | | |

ਪਿੱਠ ਅੰਕਣ ਨੰ: 4960/75

ਮਿਤੀ: 6/4/18

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸਮੇਤ ਸਿਹਲੱਗ ਸੂਚਨਾ ਅਤੇ ਅਗਲੇਰੀ ਕਰਵਾਈ ਲਈ ਭੇਜਿਆ ਜਾਂਦਾ ਹੈ ਅਤੇ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 11.4.2018 ਨੂੰ ਸਵੇਰੇ 10 ਵਜੇ ਤੱਕ ਹਾਜ਼ਰੀ ਰਿਪੋਰਟ ਇਸ ਦਫ਼ਤਰ ਨੂੰ e-mail dysecy-estb@pstcl.org/fax no. 0175-2220054 ਰਾਹੀਂ ਭੇਜਣ ਦੀ ਕਿਰਪਾਲਤਾ ਕੀਤੀ ਜਾਵੇ ਜੀ:

1) ਪ੍ਰਮੁੱਖ ਇੰਜ:/ਟੀ.ਐਸ, ਪੀ.ਐਸ.ਟੀ.ਸੀ.ਐਲ, ਪਟਿਆਲਾ
2) ਮੁੱਖ ਇੰਜ:/ਪੀ ਅਤੇ ਐਮ, ਪੀ.ਐਸ.ਟੀ.ਸੀ.ਐਲ, ਲੁਧਿਆਣਾ
3) ਮੁੱਖ ਇੰਜ:/ਐਸ.ਐਲ.ਡੀ.ਸੀ, ਪੀ.ਐਸ.ਟੀ.ਸੀ.ਐਲ, ਪਟਿਆਲਾ
4) ਮੁੱਖ ਵਿੱਤ ਅਫਸਰ, ਪੀ.ਐਸ.ਟੀ.ਸੀ.ਐਲ, ਪਟਿਆਲਾ
5) ਮੁੱਖ ਪੜਤਾਲਕਾਰ, ਪੀ.ਐਸ.ਟੀ.ਸੀ.ਐਲ, ਪਟਿਆਲਾ
6) ਵਿੱਤ ਸਲਾਹਕਾਰ, ਪੀ.ਐਸ.ਟੀ.ਸੀ.ਐਲ, ਪਟਿਆਲਾ
7) ਉਪ ਮੁੱਖ ਇੰਜ:/ਟੈਕਨੀਕਲ ਆਡਿਟ, ਪੀ.ਐਸ.ਟੀ.ਸੀ.ਐਲ, ਪਟਿਆਲਾ
8) ਉਪ ਮੁੱਖ ਇੰਜ:/ਆਈ ਟੀ, ਪੀ.ਐਸ.ਟੀ.ਸੀ.ਐਲ, ਪਟਿਆਲਾ, ਪਟਿਆਲਾ
9) ਉਪ ਮੁੱਖ ਇੰਜ:/ਸਟੋਰ ਅਤੇ ਡਿਸਪੋਜਲ, ਪੀ.ਐਸ.ਟੀ.ਸੀ.ਐਲ, ਪਟਿਆਲਾ
10) ਕੰਪਨੀ ਸੈਕਟਰੀ, ਪੀ.ਐਸ.ਟੀ.ਸੀ.ਐਲ, ਪਟਿਆਲਾ, ਪਟਿਆਲਾ
11) ਸੀਨੀ:ਕਾ:ਕਾ:ਇੰਜ: /ਪ੍ਰਸੋਨਲ, ਪੀ.ਐਸ.ਟੀ.ਸੀ.ਐਲ, ਪਟਿਆਲਾ
12) ਸੀਨੀ:ਕਾ:ਕਾ:ਇੰਜ:/ਐਡਮਨ,ਪੀ.ਐਸ.ਟੀ.ਸੀ.ਐਲ, ਪਟਿਆਲਾ
13) ਸੀਨੀ;ਕਾ:ਕਾ:ਇੰਜ:/ਟਰੇਨਿੰਗ ਸੈਲ, ਪੀ.ਐਸ.ਟੀ.ਸੀ.ਐਲ, ਪਟਿਆਲਾ
14) ਉਪ ਸਕੱਤਰ/ਲੀਗਲ, ਪੀ.ਐਸ.ਟੀ.ਸੀ.ਐਲ, ਪਟਿਆਲਾ।
15) ਉਪ ਸਕੱਤਰ/ਜਨਰਲ, ਪੀ.ਐਸ.ਟੀ.ਸੀ.ਐਲ, ਪਟਿਆਲਾ।
16) ਅਧੀਨ ਸਕੱਤਰ/ਭਰਤੀ, ਪੀ.ਐਸ.ਟੀ.ਸੀ.ਐਲ, ਪਟਿਆਲਾ

ਨੱਥੀ/ ਪ੍ਰੋਫਾਰਮਾ

6/4/18
ਸੁਪਰਡੈਂਟ/ਅਮਲਾ
ਪੀ.ਐਸ.ਟੀ.ਸੀ.ਐਲ,
ਪਟਿਆਲਾ

4976
6/4/18

CC

ਡੀ. ਸੀ. ਐਸ./ਆਈ.ਟੀ,
PSTCL, ਪਟਿਆਲਾ।